
Linkt




# ਵਿਕਟੋਰੀਆ ਵਿੱਚ ਟੋਲ ਭੁਗਤਾਨ ਕਰਨ ਦਾ ਤਰੀਕਾ

ਇਸਨੂੰ Transurban ਦੁਆਰਾ ਚਲਾਇਆ ਜਾਂਦਾ ਹੈ

# ਸੂਚੀ-ਪੱਤਰ


| | |
|---|---|
| ਮੈਲਬਰਨ ਵਿੱਚ ਟੋਲ ਰੋਡਾਂ ਬਾਰੇ ਜਾਣਕਾਰੀ | 3 |
| ਪ੍ਰੀਪੇਡ ਖਾਤਾ | 5 |
| ਪੋਸਟਪੇਡ ਖਾਤਾ | 6 |
| ਵਿਜ਼ਟਰ ਪਾਸ | 10 |
| ਜੇ ਤੁਹਾਡੇ ਕੋਲ ਖਾਤਾ ਜਾਂ ਪਾਸ ਨਾ ਹੋਵੇ ਤਾਂ ਕੀ ਹੁੰਦਾ ਹੈ? | 11 |
| ਹੋਰ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ। | 12 |

# ਮੈਲਬਰਨ ਵਿੱਚ ਟੋਲ ਰੋਡਾਂ ਬਾਰੇ ਜਾਣਕਾਰੀ

ਇਹ ਕਿਤਾਬ Linkt ਵੱਲੋਂ ਜ਼ਾਰੀ ਕੀਤੀ ਗਈ ਹੈ।

ਆਸਟ੍ਰੇਲੀਆ ਵਿੱਚ ਕੁਝ ਸੜਕਾਂ, ਸੁਰੰਗਾਂ ਅਤੇ ਪੁਲਾਂ ’ਤੇ ਟੋਲ ਲੱਗਦਾ ਹੈ।

ਟੋਲ ਉਹ ਪੈਸੇ ਹੁੰਦੇ ਹਨ ਜੋ ਤੁਸੀਂ ਕਿਸੇ ਸੜਕ, ਸੁਰੰਗ ਜਾਂ ਪੁਲ ਦੇ ਇਸਤੇਮਾਲ ਲਈ ਭੁਗਤਾਨ ਕਰਦੇ ਹੋ।

ਤੁਸੀਂ ਟੋਲ ਦਾ ਭੁਗਤਾਨ ਕਰਨ ਲਈ Linkt ਦਾ ਇਸਤੇਮਾਲ ਕਰ ਸਕਦੇ ਹੋ।

ਇਹ ਕਿਤਾਬ ਵਿਕਟੋਰੀਆ ਵਿੱਚ Linkt ਨੂੰ ਟੋਲ ਕਿਵੇਂ ਭੁਗਤਾਨ ਕਰਨਾ ਹੈ, ਇਸ ਬਾਰੇ ਹੈ।

ਜੇ ਤੁਸੀਂ CityLink ਜਾਂ West Gate Tunnel ’ਤੇ ਟੋਲ ਦਾ ਭੁਗਤਾਨ ਨਹੀਂ ਕਰਦੇ, ਤਾਂ Linkt ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

### ਤੁਸੀਂ ਵਿਕਟੋਰੀਆ ਵਿੱਚ ਹੇਠਾਂ ਦਿੱਤੀਆਂ ਸੜਕਾਂ ’ਤੇ ਸਫ਼ਰ ਕਰਦੇ ਸਮੇਂ ਟੋਲ ਭੁਗਤਾਨ ਕਰਦੇ ਹੋ:


- **CityLink**
- **EastLink**
- **West Gate Tunnel**

# ਟੋਲ ਭੁਗਤਾਨ ਕਰਨ ਦੇ ਵੱਖ-ਵੱਖ ਤਰੀਕੇ ਹਨ

ਵਿਕਟੋਰੀਆ ਵਿੱਚ ਟੋਲ ਭੁਗਤਾਨ ਕਰਨ ਦੇ 3 ਵੱਖ-ਵੱਖ ਤਰੀਕੇ ਹਨ।

- ਪ੍ਰੀਪੇਡ ਖਾਤਾ
- ਪੋਸਟਪੇਡ ਖਾਤਾ
- ਵਿਜ਼ਟਰ ਪਾਸ

ਹਰ ਖਾਤੇ ਜਾਂ ਪਾਸ ਲਈ ਤੁਸੀਂ ਜੋ ਰਕਮ ਭੁਗਤਾਨ ਕਰਦੇ ਹੋ,
ਉਸ ਬਾਰੇ ਜਾਣਕਾਰੀ ਲਈ ਸਾਡੀ ਵੈਬਸਾਈਟ ’ਤੇ ਜਾਓ।



# ਪ੍ਰੀਪੇਡ ਖਾਤਾ

ਗਾਹਕ ਜੋ ਮਹੀਨੇ ਵਿੱਚ ਇੱਕ ਵਾਰ ਜਾਂ ਇਸ ਤੋਂ ਵੱਧ ਟੋਲ ਸੜਕਾਂ ਦੀ ਵਰਤੋਂ ਕਰਦੇ ਹਨ, ਉਹ ਪ੍ਰੀਪੇਡ ਖਾਤਾ ਚੁਣਦੇ ਹਨ।

ਤੁਸੀਂ ਇਸ ਖਾਤੇ ਨੂੰ ਇੱਕ ਭੁਗਤਾਨ ਨਾਲ ਸ਼ੁਰੂ ਕਰਦੇ ਹੋ, ਜਿਸਨੂੰ ਤੁਸੀਂ ਟੋਲ ਦੇ ਭੁਗਤਾਨ ਲਈ ਵਰਤ ਸਕਦੇ ਹੋ।

ਤੁਸੀਂ ਆਪਣੇ ਪ੍ਰੀਪੇਡ ਖਾਤੇ ਵਿੱਚ ਪੈਸੇ ਪਾਉਂਦੇ ਹੋ ਅਤੇ ਇਸਨੂੰ ਟੋਲ ਸੜਕਾਂ ’ਤੇ ਸਫਰ ਦੇ ਭੁਗਤਾਨ ਲਈ ਕ੍ਰੈਡਿਟ ਵਜੋਂ ਵਰਤਦੇ ਹੋ।

ਹਰ ਵਾਰ ਜਦੋਂ ਤੁਸੀਂ ਸਫਰ ਕਰਦੇ ਹੋ, ਉਸ ਸਫਰ ਦੀ ਲਾਗਤ ਆਪਣੇ ਆਪ ਹੀ ਤੁਹਾਡੇ ਪ੍ਰੀਪੇਡ ਖਾਤੇ ਵਿੱਚ ਮੌਜੂਦ ਪੈਸਿਆਂ ਵਿੱਚੋਂ ਕੱਟ ਲਈ ਜਾਂਦੀ ਹੈ।



# ਪੋਸਟਪੇਡ ਖਾਤਾ

ਗਾਹਕ ਜੋ ਹਰ ਕੁਝ ਮਹੀਨਿਆਂ ਬਾਅਦ ਟੋਲ ਸੜਕਾਂ ਦੀ ਵਰਤੋਂ ਕਰਦੇ ਹਨ, ਉਹ ਅਕਸਰ ਪੋਸਟਪੇਡ ਖਾਤਾ ਚੁਣਦੇ ਹਨ।

ਇਹ ਖਾਤਾ ਸ਼ੁਰੂ ਕਰਨ ਲਈ, ਤੁਸੀਂ ਇੱਕ ਛੋਟੀ ਫੀਸ ਭੁਗਤਾਨ ਕਰਦੇ ਹੋ।

ਇਸ ਖਾਤੇ ਵਿੱਚ ਟੋਲ ਲਈ ਪੈਸੇ ਤੁਹਾਡੇ ਕ੍ਰੈਡਿਟ ਜਾਂ ਡੈਬਿਟ ਕਾਰਡ ਜਾਂ ਬੈਂਕ ਖਾਤੇ ਵਿੱਚੋਂ ਕੱਟੇ ਜਾਣਗੇ।

ਜਿਹੜੀਆਂ ਵੀ ਟੋਲ ਸੜਕਾਂ ’ਤੇ ਤੁਸੀਂ ਸਫਰ ਕਰੋਗੇ, ਉਹਨਾਂ ਦਾ ਖਰਚਾ ਹਰ ਦਿਨ ਦੇ ਅੰਤ ਵਿੱਚ ਆਪਣੇ ਆਪ ਕੱਟ ਲਿਆ ਜਾਵੇਗਾ।

ਇਸ ਖਾਤੇ ਲਈ ਤੁਸੀਂ ਕਿੰਨੇ ਪੈਸੇ ਭੁਗਤਾਨ ਕਰਦੇ ਹੋ, ਇਸ ਬਾਰੇ ਜਾਣਕਾਰੀ ਲਈ ਸਾਡੀ ਵੈਬਸਾਈਟ ’ਤੇ ਜਾਓ।



ਪ੍ਰੀਪੇਡ ਅਤੇ ਪੋਸਟਪੇਡ ਦੋਵੇਂ ਖਾਤਿਆਂ ਨਾਲ ਤੁਸੀਂ ਸਫਰ ਕਰ ਸਕਦੇ ਹੋ:

- ਜੋ ਟੈਗ ਨਾਲ,
  ਜਾਂ
- ਬਿਨਾਂ ਟੈਗ ਦੇ ਵੀ ਹੋ ਸਕਦੇ ਹਨ।

ਟੈਗ ਇੱਕ ਛੋਟਾ ਇਲੈਕਟ੍ਰਾਨਿਕ ਡਿਵਾਇਸ ਹੁੰਦਾ ਹੈ ਜਿਸਨੂੰ ਤੁਸੀਂ ਆਪਣੀ ਵਿੰਡਸਕ੍ਰੀਨ ਦੇ ਉੱਪਰ ਲਗਾਉਂਦੇ ਹੋ।

ਟੈਗ ਲਈ ਤੁਹਾਨੂੰ ਵੱਖਰਾ ਭੁਗਤਾਨ ਨਹੀਂ ਕਰਨਾ ਪੈਂਦਾ।



ਜੇ ਤੁਸੀਂ ਟੈਗ ਨਾਲ ਸਫਰ ਕਰਦੇ ਹੋ, ਤਾਂ ਹਰ ਵਾਰ ਜਦੋਂ ਤੁਸੀਂ ਟੋਲ ਤੋਂ ਲੰਘਦੇ ਹੋ, ਤੁਸੀਂ ਟੋਲ:

- ਦੀ ਲਾਗਤ ਦਾ ਭੁਗਤਾਨ ਕਰਦੇ ਹੋ।

ਜੇ ਤੁਸੀਂ ਬਿਨਾਂ ਟੈਗ ਦੇ ਸਫਰ ਕਰਦੇ ਹੋ, ਤਾਂ ਹਰ ਵਾਰ ਜਦੋਂ ਤੁਸੀਂ ਟੋਲ ਤੋਂ ਲੰਘਦੇ ਹੋ, ਤੁਸੀਂ ਟੋਲ:

- ਦੀ ਲਾਗਤ ਦਾ ਭੁਗਤਾਨ ਕਰਦੇ ਹੋ।,
  ਵੀਡੀਓ ਮੈਚਿੰਗ ਫੀਸ
- ਦਾ ਭੁਗਤਾਨ ਕਰਦੇ ਹੋ।

ਟੈਗ ਨਾਲ ਸਫਰ ਕਰਨਾ ਸਸਤਾ ਪੈਂਦਾ ਹੈ।



ਤੁਸੀਂ ਆਪਣੇ ਖਾਤੇ ਵਿੱਚ ਵੱਖ-ਵੱਖ ਤਰੀਕਿਆਂ ਨਾਲ ਪੈਸੇ ਪਾ ਸਕਦੇ ਹੋ।

ਆਪਣੇ ਐਪ ਸਟੋਰ ਵਿੱਚ **Linkt** ਨੂੰ ਖੋਜੋ।

**ਵੈਬਸਾਈਟ ’ਤੇ**

ਇੱਥੇ ਜਾਓ linkt.com.au

**ਫ਼ੋਨ ਰਾਹੀਂ**

13 33 31 ’ਤੇ ਕਾਲ ਕਰੋ

**ਖੁਦ ਜਾਓ (ਕੇਵਲ ਪ੍ਰੀਪੇਡ ਖਾਤੇ ਵਿੱਚ ਟੋਪ ਅੱਪ ਵਜੋਂ ਪੈਸੇ ਪਾਉਣ ਲਈ)**

ਖੁਦ ਜਾ ਕੇ ਭੁਗਤਾਨ ਕਰਨ ਲਈ ਥਾਂ ਲੱਭਣ ਲਈ ਇੱਥੇ ਜਾਓ:

# ਵਿਜ਼ਟਰ ਪਾਸ

ਗਾਹਕ ਜੋ ਸਾਲ ਵਿੱਚ ਕੁਝ ਵਾਰ ਟੋਲ ਸੜਕਾਂ ਦੀ ਵਰਤੋਂ ਕਰਦੇ ਹਨ, ਉਹ ਅਕਸਰ ਵਿਜ਼ਟਰ ਪਾਸ ਚੁਣਦੇ ਹਨ।

ਹਰ ਵਾਰ ਜਦੋਂ ਤੁਸੀਂ ਟੋਲ ਤੋਂ ਲੰਘਦੇ ਹੋ,

- ਦੀ ਲਾਗਤ ਦਾ ਭੁਗਤਾਨ ਕਰਦੇ ਹੋ।,
  ਵੀਡੀਓ ਮੈਚਿੰਗ ਫੀਸ
- ਦਾ ਭੁਗਤਾਨ ਕਰਦੇ ਹੋ।

ਤੁਸੀਂ 30 ਦਿਨਾਂ ਵਿੱਚ ਜਿੰਨੀ ਵਾਰ ਚਾਹੋ, ਸਾਰੀਆਂ ਮੇਲਬੋਰਨ ਟੋਲ ਸੜਕਾਂ ’ਤੇ ਸਫਰ ਕਰ ਸਕਦੇ ਹੋ।

ਇਸ ਪਾਸ ਲਈ ਤੁਸੀਂ ਜਿੰਨੀ ਰਕਮ ਭੁਗਤਾਨ ਕਰਦੇ ਹੋ, ਉਸ ਬਾਰੇ ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ’ਤੇ ਜਾਓ:

ਤੁਸੀਂ ਪਾਸ ਲਈ ਵੱਖ-ਵੱਖ ਤਰੀਕਿਆਂ ਨਾਲ ਭੁਗਤਾਨ ਕਰ ਸਕਦੇ ਹੋ।

**ਵੈਬਸਾਈਟ ’ਤੇ**

ਇੱਥੇ ਜਾਓ linkt.com.au

**ਫ਼ੋਨ ਰਾਹੀਂ**

13 33 31 ’ਤੇ ਕਾਲ ਕਰੋ

# ਜੇ ਤੁਹਾਡੇ ਕੋਲ ਖਾਤਾ ਜਾਂ ਪਾਸ ਨਾ ਹੋਵੇ ਤਾਂ ਕੀ ਹੁੰਦਾ ਹੈ?

ਜੇ ਤੁਸੀਂ ਟੋਲ ਸੜਕ ’ਤੇ ਸਫਰ ਕਰਦੇ ਹੋ ਅਤੇ ਤੁਹਾਡੇ ਕੋਲ ਖਾਤਾ ਜਾਂ ਪਾਸ ਨਹੀਂ ਹੈ, ਤਾਂ ਤੁਹਾਨੂੰ ਇੱਕ ਟੋਲ ਇਨਵੌਇਸ ਭੇਜਿਆ ਜਾਵੇਗਾ।


ਟੋਲ ਇਨਵੌਇਸ ਇੱਕ ਚਿੱਠੀ ਹੁੰਦੀ ਹੈ ਜੋ ਤੁਹਾਨੂੰ ਦੱਸਦੀ ਹੈ ਕਿ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਹੈ।

ਇਹ ਚਿੱਠੀ ਤੁਹਾਨੂੰ ਦੱਸੇਗੀ:

- ਕਿ ਤੁਸੀਂ ਕਿੰਨਾ ਭੁਗਤਾਨ ਕਰਨਾ ਹੈ,
- ਕਿਵੇਂ ਭੁਗਤਾਨ ਕਰਨਾ ਹੈ
- ਅਗਲੀ ਵਾਰ ਲਈ ਖਾਤਾ ਕਿਵੇਂ ਬਣਾਉਣਾ ਹੈ।

ਜੇ ਤੁਹਾਡੇ ਕੋਲ ਖਾਤਾ ਜਾਂ ਪਾਸ ਨਹੀਂ ਹੈ, ਤਾਂ ਟੋਲ ਸੜਕਾਂ ਦੀ ਵਰਤੋਂ ਲਈ ਤੁਹਾਨੂੰ ਵੱਧ ਭੁਗਤਾਨ ਕਰਨਾ ਪਵੇਗਾ।

ਜੇ ਤੁਹਾਡੇ ਕੋਲ ਖਾਤਾ ਜਾਂ ਪਾਸ ਹੈ, ਤਾਂ ਸਫਰ ਕਰਨਾ ਸਸਤਾ ਪੈਂਦਾ ਹੈ।



# ਹੋਰ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ।

**Linkt**

ਤੁਹਾਡੇ ਖਾਤੇ ਲਈ ਆਮ ਸਹਾਇਤਾ।

**13 33 31 'ਤੇ ਕਾਲ ਕਰੋ**

ਵੈਬਸਾਈਟ linkt.com.au

**Linkt ਸਹਾਇਤਾ**

Linkt ਸਹਾਇਤਾ ਵੱਲੋਂ ਤੁਹਾਨੂੰ ਆਪਣੇ ਟੋਲ ਦਾ ਭੁਗਤਾਨ ਕਰਨ ਲਈ ਵਾਧੂ ਸਹਾਇਤਾ ਮਿਲ ਸਕਦੀ ਹੈ।

**1300 767 865 'ਤੇ ਕਾਲ ਕਰੋ**

ਈਮੇਲ linktassist@transurban.com

ਵੈਬਸਾਈਟ

# ਜੇ ਤੁਹਾਨੂੰ ਗੱਲ ਕਰਨ ਜਾਂ ਸੁਣਨ ਵਿੱਚ ਮਦਦ ਦੀ ਲੋੜ ਹੈ ਤਾਂ

ਨੈਸ਼ਨਲ ਰੀਲੇ ਸੇਵਾ ਜਾਂ NRS ਰਾਹੀਂ ਸਾਡੇ ਨਾਲ ਸੰਪਰਕ ਕਰੋ।

**1800 555 660 ’ਤੇ ਕਾਲ ਕਰੋ**

**ਵੈਬਸਾਈਟ**

**TTY ਵਰਤੋਂਕਾਰ**

1800 555 677 ’ਤੇ ਕਾਲ ਕਰੋ

**ਟੈਲੀਫ਼ੋਨ ਰਾਹੀਂ ਦੁਭਾਸ਼ੀਆ ਸੇਵਾ**


131 450 ’ਤੇ ਕਾਲ ਕਰੋ

# ਕੀ ਤੁਹਾਨੂੰ ਯਕੀਨ ਨਹੀਂ ਕਿ ਕਿਹੜਾ ਖਾਤਾ ਤੁਹਾਡੇ ਲਈ ਠੀਕ ਹੈ?

# ਆਓ, ਅਸੀਂ ਤੁਹਾਡੀ ਚੋਣ ਵਿੱਚ ਮਦਦ ਕਰੀਏ

**ਵਿਜ਼ਿਟ ਕਰੋ:**
https://www.linkt.com.au/accounts-and-passes/help-me-choose/melbourne

**ਹੋਰ ਜਾਣੋ linkt.com.au ’ਤੇ**



ਇਸਨੂੰ Linkt ਵੈਬਸਾਈਟ ’ਤੇ ਦਿੱਤੀ ਜਾਣਕਾਰੀ ਦੇ ਨਾਲ ਇਕ ਸੰਬੰਧਤ ਦਸਤਾਵੇਜ਼ ਵਜੋਂ ਪੜ੍ਹਨਾ ਚਾਹੀਦਾ ਹੈ।

ਕਾਨੂੰਨੀ ਸਲਾਹ ਅਤੇ, ਲੋੜ ਪੈਣ ’ਤੇ ਉਚਿਤ ਵਕੀਲ ਜਾਂ ਪੇਸ਼ੇਵਰ ਤੋਂ ਸਹਾਇਤਾ ਲੈਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਅਕਤੀ ਪੂਰੇ ਦਸਤਾਵੇਜ਼ ਨੂੰ ਸਮਝਣ ਲਈ ਯੋਗ ਹੈ।

Linkt

ਇਸਨੂੰ Transurban ਦੁਆਰਾ ਚਲਾਇਆ ਜਾਂਦਾ ਹੈ